

# ਤੁਹਾਡੇ ਬੱਚੇ ਦੀ ਤਰੱਕੀ

## ਸਕੂਲੀ ਵਰ੍ਹੇ 2016-17 ਲਈ ਪੜ੍ਹਾਈ ਦੇ ਮਿਆਰ

ਵਾਸ਼ਿੰਗਟਨ ਦੇ K–12 ਪੜ੍ਹਾਈ ਦੇ ਮਿਆਰ ਹਨ ਜੋ ਅਜਿਹੀ ਜਾਣਕਾਰੀ ਅਤੇ ਹੁਨਰਾਂ ਨੂੰ ਪਰਿਭਾਸ਼ਤ ਕਰਦੇ ਹਨ ਜਿਹਨਾਂ ਦੀ ਲੋੜ ਹਰੇਕ ਵਿਦਿਆਰਥੀ ਨੂੰ ਹਾਈ ਸਕੂਲ ਮੁਕੰਮਲ ਕਰਨ ਤੋਂ ਬਾਅਦ ਕੈਰੀਅਰ, ਕਾਲਜ ਅਤੇ ਜ਼ਿੰਦਗੀ ਲਈ ਤਿਆਰ ਹੋਣ ਵਾਸਤੇ ਪੈਂਦੀ ਹੈ।

ਹੇਠਾਂ 11ਵੇਂ ਗ੍ਰੇਡ ਲਈ ਵਾਸ਼ਿੰਗਟਨ ਦੇ ਪੜ੍ਹਾਈ ਦੇ ਮੁੱਖ ਟੀਚਿਆਂ ਦੀਆਂ ਸੰਖੇਪ ਉਦਾਹਰਨਾਂ ਦਿੱਤੀਆਂ ਗਈਆਂ ਹਨ। ਵਧੇਰੇ ਪੂਰਨ ਜਾਣਕਾਰੀ ਲਈ, ਇਸ ਵੈਬਸਾਈਟ 'ਤੇ ਜਾਓ:

www.YourChildsProgress.com

- **ਕਲਾ।** ਇਸ ਬਾਰੇ ਸਮਝਣਾ ਕਿ ਨ੍ਰਿਤ ਸੱਭਿਆਚਾਰ ਨਾਲ ਕਿਵੇਂ ਸਬੰਧਤ ਹੁੰਦਾ ਹੈ; ਸੰਗੀਤਕ ਚੋਣਾਂ ਕਰਨੀਆਂ, ਥਿਏਟਰ ਸਬੰਧੀ ਗਿਆਨ ਨੂੰ ਅਮਲ ਵਿੱਚ ਲਿਆਉਣਾ; ਕਲਾਤਮਕ ਸ਼ੈਲੀ ਦਾ ਵਿਕਾਸ ਕਰਨਾ।
- **ਵਿੱਦਿਅਕ ਤਕਨੀਕ।** ਆਨਲਾਈਨ ਸਿਮੁਲੇਸ਼ਨ ਵਿੱਚ ਭਾਗ ਲੈਣਾ ਜੋ ਮੌਜੂਦਾ ਕੌਮਾਂਤਰੀ ਚਿੰਤਾ ਬਾਰੇ ਪੜਤਾਲ ਕਰਦੀ ਹੈ।
- **ਅੰਗਰੇਜ਼ੀ ਭਾਸ਼ਾ ਕਲਾ (ELA)।** ਵਿਸ਼ਲੇਸ਼ਣ, ਚਿੰਤਨ ਅਤੇ ਖੋਜ ਦੀ ਸਹਾਇਤਾ ਲਈ ਸਾਹਿਤਕ ਜਾਂ ਸੂਚਨਾਤਮਕ ਟੈਕਸਟਾਂ ਤੋਂ ਸਬੂਤ ਦਾ ਮੁਲਾਂਕਣ ਕਰਨਾ ਅਤੇ ਇਸ ਨੂੰ ਪ੍ਰਾਪਤ ਕਰਨਾ।
- **ਸਿਹਤ ਅਤੇ ਸਰੀਰਕ ਸਿੱਖਿਆ।** ਵਿਅਕਤੀਗਤ ਸਿਹਤ/ਸਰੀਰਕ ਸਿੱਖਿਆ ਯੋਜਨਾ ਅਤੇ ਸਿਹਤ-ਸਾਖਰਤਾ ਹੁਨਰਾਂ ਦਾ ਵਿਕਾਸ ਕਰਨਾ ਜੋ ਬਾਲਗ ਬਣਨ ਤਕ ਜਾਰੀ ਰਹਿਣਗੇ।
- **ਗਣਿਤ।** ਹਾਈ ਸਕੂਲ ਦੇ ਵਿਦਿਆਰਥੀ ਖਾਸ ਤੌਰ 'ਤੇ ਐਲਜਬਰਾ I, ਜਿਊਮੈਟਰੀ ਅਤੇ ਐਲਜਬਰਾ II ਲੈਂਦੇ ਹਨ। ਉਹ ਅਸਲ-ਦੁਨੀਆ ਦੀ ਸਥਿਤੀ ਦੀ ਉਦਾਹਰਣ ਲੈਂਦੇ ਹਨ, ਆਸਾਨ ਅਤੇ ਗੁੰਝਲਦਾਰ ਫਲਨਾਂ ਦੀ ਤੁਲਨਾ ਕਰਦੇ ਹਨ, ਅਤੇ ਰੇਖਾ-ਗਣਿਤੀ ਤਬਦੀਲੀਆਂ ਰਾਹੀਂ ਸਰਬੰਗਸਮਤਾ, ਇਕਰੂਪਤਾ ਅਤੇ ਸਮਰੂਪਤਾ ਬਾਰੇ ਸਿੱਖਦੇ ਹਨ।
- **ਵਿਗਿਆਨ।** ਪ੍ਰਮੁੱਖ ਅੰਤਰਰਾਸ਼ਟਰੀ ਚੁਣੌਤੀਆਂ ਅਤੇ ਸੰਭਾਵੀ ਨਿਪਟਾਰਿਆਂ ਦਾ ਵਿਸ਼ਲੇਸ਼ਣ ਕਰਨਾ; ਮਾਡਲਾਂ ਨੂੰ ਤਿਆਰ ਕਰਨਾ ਅਤੇ ਵਰਤਣਾ; ਪੜਤਾਲਾਂ ਦੀ ਯੋਜਨਾ ਬਣਾਉਣੀ ਅਤੇ ਸੰਚਾਲਨ ਕਰਨਾ; ਡੇਟੇ ਦਾ ਵਿਸ਼ਲੇਸ਼ਣ ਕਰਨਾ।
- **ਸਮਾਜਿਕ ਸਿੱਖਿਆ।** ਵੱਖ-ਵੱਖ ਦ੍ਰਿਸ਼ਟੀਕੋਣਾਂ ਤੋਂ ਅਮਰੀਕਾ ਦੀ ਰਾਜਨੀਤੀ ਸ਼ਾਸ਼ਤਰ, ਅਰਥਸ਼ਾਸ਼ਤਰ, ਭੂਗੋਲ ਅਤੇ ਇਤਿਹਾਸ ਦੀ ਪੜਤਾਲ ਕਰਨੀ।

ਵਾਸ਼ਿੰਗਟਨ ਕੋਲ  ਇੰਟੇਗ੍ਰੇਟਡ ਇਨਵਾਇਰਨਮੈਂਟ **ਐਂਡ ਸਸਟੇਨੇਬਿਲਟੀ, ਵਰਲਡ ਲੈਂਗੂਏਜ਼ਸ, ਕੈਰੀਅਰ ਐਂਡ ਟੈਕਨੀਕਲ ਐਜੂਕੇਸ਼ਨ** (ਮਿਡਲ ਅਤੇ ਹਾਈ ਸਕੂਲ ਲਈ ਫਰੇਮਵਰਕ ਅਤੇ ਇੰਡਸਟਰੀ ਸਟੈਂਡਰਡ), **ਇੰਗਲਿਸ਼ ਲੈਂਗੂਏਜ ਪ੍ਰੋਫੀਸ਼ੈਂਸੀ** (ELA, ਗਣਿਤ ਅਤੇ ਵਿਗਿਆਨ ਵਿੱਚ) **ਵੀ ਪੜ੍ਹਾਈ ਦੇ ਮਿਆਰ ਹਨ, ਇਸ ਤੋਂ ਇਲਾਵਾ ਅਰਲੀ ਲਰਨਿੰਗ** (ਜਨਮ ਤੋਂ 3ਜੇ ਗ੍ਰੇਡ ਤਕ) ਲਈ ਦਿਸ਼ਾ-ਨਿਰਦੇਸ਼ ਹਨ ਜੋ ਸਾਰੇ ਵਿਦਿਆਰਥੀਆਂ ਲਈ ਸੰਪੂਰਨ ਸਿੱਖਿਆ ਦੇ ਪੂਰਕ ਹੁੰਦੇ ਹਨ।

**ਵਿਸ਼ੇਸ਼ ਸਿੱਖਿਆ:** ਜਿਹੜੇ ਵਿਦਿਆਰਥੀ ਸੇਵਾਵਾਂ ਪ੍ਰਾਪਤ ਕਰਦੇ ਹਨ ਉਹਨਾਂ ਕੋਲ ਉਹਨਾਂ ਦੀਆਂ ਵਿਅਕਤੀਗਤ ਸਿੱਖਿਆ ਯੋਜਨਾਵਾਂ ਵਿੱਚ ਪਛਾਣ ਕੀਤੀਆਂ ਅਨੁਕੂਲਤਾਵਾਂ, ਸੰਸ਼ੋਧਨ ਅਤੇ ਸਹਾਇਤਾ ਹੁੰਦੀ ਹੈ।

**ਅੰਗਰੇਜ਼ੀ ਭਾਸ਼ਾ ਸਿੱਖਣ ਵਾਲੇ:**  ਜਿਹੜੇ ਵਿਦਿਆਰਥੀ ਅੰਗਰੇਜ਼ੀ ਬੋਲਣੀ ਸਿਖ ਰਹੇ ਹੁੰਦੇ ਹਨ ਉਹਨਾਂ ਕੋਲ ਭਾਸ਼ਾਈ ਮਹਾਰਤ ਦੇ ਮਿਆਰ ਹੁੰਦੇ ਹਨ ਜੋ ਸਮੁੱਚੇ ਵਿਸ਼ਿਆਂ ਦੀ ਪੜ੍ਹਾਈ ਦੀ ਯੋਜਨਾ ਬਣਾਉਣ ਵਿੱਚ ਅਧਿਆਪਕਾਂ ਦੀ ਮਦਦ ਕਰਦੇ ਹਨ ਜੋ ਹਰੇਕ ਵਿਦਿਆਰਥੀ ਦੇ ਭਾਸ਼ਾਈ ਵਿਕਾਸ ਦੇ ਪੱਧਰ ਲਈ ਢੁਕਵੀਂ ਹੁੰਦੀ ਹੈ।

# ਗ੍ਰੇਡ 11

## ਵਾਸ਼ਿੰਗਟਨ ਰਾਜ ਦੇ ਪੜ੍ਹਾਈ ਸੰਬੰਧੀ ਟੀਚੇ

ਵਾਸ਼ਿੰਗਟਨ ਰਾਜ ਦੇ ਵਿਧਾਨਕਾਰਾਂ ਨੇ ਰਾਜ ਵਿੱਚ ਅਕਾਦਮਿਕ ਪੜ੍ਹਾਈ ਦੇ ਸਾਰੇ ਮਿਆਰਾਂ ਦੇ ਵਿਕਾਸ ਵਾਸਤੇ ਬੁਨਿਆਦ ਰੱਖਣ ਲਈ ਪੜ੍ਹਾਈ ਦੇ ਚਾਰ ਟੀਚੇ ਕਾਇਮ ਕੀਤੇ ਹਨ:

1. ਸਮਝ ਕੇ ਪੜ੍ਹੋ, ਪ੍ਰਭਾਵਸ਼ਾਲੀ ਢੰਗ ਨਾਲ ਲਿੱਖੋ, ਅਤੇ ਵੱਖੋ-ਵੱਖ ਤਰੀਕਿਆਂ ਅਤੇ ਸੈਟਿੰਗਸ ਨਾਲ ਅਤੇ ਵੱਖੋ-ਵੱਖ ਕਿਸਮਾਂ ਦੇ ਸ੍ਰੋਤਿਆਂ ਨਾਲ ਸਫਲਤਾਪੂਰਵਕ ਸੰਚਾਰ ਕਰੋ;
2. ਵੱਖ-ਵੱਖ ਸਭਿਆਚਾਰਾਂ ਅਤੇ ਪ੍ਰਤੀਨਿਧ ਸਰਕਾਰ ਵਿੱਚ ਭਾਗੀਦਾਰੀ; ਭੂਗੋਲ; ਕਲਾ; ਅਤੇ ਸਿਹਤ ਅਤੇ ਤੰਦਰੁਸਤੀ ਸਮੇਤ ਗਣਿਤ; ਸਮਾਜਿਕ, ਭੌਤਿਕ, ਅਤੇ ਜੀਵ ਵਿਗਿਆਨ; ਨਾਗਰਿਕ ਸ਼ਾਸ਼ਤਰ ਅਤੇ ਇਤਿਹਾਸ, ਦੀਆਂ ਮੂਲ ਧਾਰਣਾਵਾਂ ਅਤੇ ਸਿਧਾਤਾਂ ਬਾਰੇ ਜਾਣਨਾ ਅਤੇ ਉਹਨਾਂ ਦਾ ਅਮਲ;
3. ਵਿਵੇਕਪੂਰਣ ਫ਼ੈਸਲੇ ਲੈਣ ਅਤੇ ਸਮੱਸਿਆਵਾਂ ਨੂੰ ਹੱਲ ਕਰਨ ਲਈ ਵਿਸ਼ਲੇਸ਼ਣਾਤਮਕ, ਤਰਕਪੂਰਣ ਅਤੇ ਸਿਰਜਣਾਤਮਕ ਢੰਗ ਵਿੱਚ ਸੋਚਣਾ, ਅਤੇ ਤਕਨੀਕ ਦੀ ਪੜ੍ਹਾਈ ਅਤੇ ਰਵਾਨਗੀ ਅਤੇ ਨਾਲ ਹੀ ਵੱਖ-ਵੱਖ ਤਜਰਬਿਆਂ ਅਤੇ ਗਿਆਨ ਨੂੰ ਮਿਲਾਉਣਾ; ਅਤੇ
4. ਕੰਮ ਅਤੇ ਵਿੱਤ ਦੇ ਮਹੱਤਵ ਅਤੇ ਇਸ ਗੱਲ ਨੂੰ ਸਮਝਣਾ ਕਿ ਪ੍ਰਦਰਸ਼ਨ, ਕੋਸ਼ਿਸ਼ ਅਤੇ ਫ਼ੈਸਲੇ ਕਿਸ ਤਰ੍ਹਾਂ ਨਾਲ ਭਵਿੱਖ ਦੇ ਕੈਰੀਅਰ ਅਤੇ ਵਿਦਿਅਕ ਮੌਕਿਆਂ ਨੂੰ ਸਿੱਧੇ ਤੌਰ 'ਤੇ ਪ੍ਰਭਾਵਿਤ ਕਰਦੇ ਹਨ।

ਜਨਤਕ ਹਦਾਇਤ ਦੇ ਸੁਪਰੀਡੈਂਟ ਦਾ ਦਫ਼ਤਰ
(Office of Superintendent of Public Instruction)
www.k12.wa.us

September 2016, Publication No. 16-0042

# ਵਾਸ਼ਿੰਗਟਨ ਵਿੱਚ ਰਾਜ ਦੇ ਟੈਸਟ

ਫੈਡਰਲ ਕਨੂੰਨ ਦੇ ਅਨੁਸਾਰ ਗ੍ਰੇਡ 3-8 ਵਿੱਚ ਵਿਦਿਆਰਥੀਆਂ ਦੀ ਸਲਾਨਾ ਜਾਂਚ ਅਤੇ ਹਾਈ ਸਕੂਲ ਵਿੱਚ ਅੰਗਰੇਜ਼ੀ ਭਾਸ਼ਾ ਕਲਾ (ELA) ਅਤੇ ਗਣਿਤ ਵਿੱਚ ਅਤੇ ਵਿੱਚ ਇੱਕ ਵਾਰ ਅਤੇ ਗ੍ਰੇਡ 5 ਅਤੇ 8 ਵਿੱਚ ਸਾਇੰਸ ਵਿੱਚ ਹਾਈ ਸਕੂਲ ਵਿੱਚ ਇੱਕ ਵਾਰ ਲੋੜੀਂਦੀ ਹੈ।

ਵਾਸ਼ਿੰਗਟਨ ਰਾਜ ਲਈ ਇਹ ਵੀ ਲੋੜੀਂਦਾ ਹੈ ਕਿ ਵਿਦਿਆਰਥੀ ਹਾਈ ਸਕੂਲ ਤੋਂ ਪਾਸ ਹੋਣ ਵਾਸਤੇ ਯੋਗਤਾ ਪੂਰੀ ਕਰਨ ਲਈ ਖਾਸ ਟੈਸਟਾਂ ਨੂੰ ਪਾਸ ਕਰਨ। ਜੇਕਰ ਕੋਈ ਵਿਦਿਆਰਥੀ ਗ੍ਰੈਜੂਏਸ਼ਨ ਲਈ ਲੋੜੀਂਦੇ ਇੱਕ ਜਾਂ ਵੱਧ ਟੈਸਟਾਂ ਦੇ ਮਿਆਰ ਪੂਰੇ ਨਹੀਂ ਕਰਦਾ, ਉਹ ਦੁਬਾਰਾ ਟੈਸਟ ਲੈ ਸਕਦਾ/ਸਕਦੀ ਹੈ ਜਾਂ ਰਾਜ-ਪ੍ਰਮਾਣਿਤ ਵਿਕਲਪ ਲੈ ਸਕਦਾ/ਸਕਦੀ ਹੈ।

ਜ਼ਿਆਦਾਤਰ ਹਾਈ ਸਕੂਲ ਵਿਦਿਆਰਥੀ ਸ਼ਰਤਾਂ ਨੂੰ ਪੂਰਾ ਕਰਨ ਲਈ **Smarter Balanced (ਸਮਾਰਟਰ ਬੈਲੈਂਸਡ)** ਟੈਸਟ ਅਤੇ ਸਾਇੰਸ ਇਮਤਿਹਾਨ ਦਿੰਦੇ ਹਨ। ਟੈਸਟ ਉਪਕਰਣਾਂ, ਸਮਰਥਨਾਂ ਜਾਂ ਅਨੁਕੂਲਤਾਵਾਂ ਸਮੇਤ ਜਾਂ ਇਨ੍ਹਾਂ ਤੋਂ ਬਿਨਾਂ ਲਏ ਜਾ ਸਕਦੇ ਹਨ।

ਆਪਣੇ ਇੰਡਿਵੀਜ਼ੁਅਲਾਈਜ਼ਡ ਐਜੂਕੇਸ਼ਨ ਪ੍ਰੋਗਰਾਮ (IEP) ਵਿੱਚ ਦਰਜ ਮਹੱਤਵਪੂਰਨ ਬੌਧਿਕ ਚੁਣੌਤੀਆਂ ਵਾਲੇ ਵਿਦਿਆਰਥੀ ELA, ਗਣਿਤ, ਅਤੇ ਸਾਇੰਸ ਵਿੱਚ ਵਾਸ਼ਿੰਗਟਨ – ਐਕਸੈਸ ਟੂ ਇੰਸਟ੍ਰਕਸ਼ਨ ਐਂਡ ਮੇਜ਼ਰਮੈਂਟ (**WA-AIM**) ਲੈਂਦੇ ਹਨ।

ਰਾਜ ਦੇ ਇਮਤਿਹਾਨ ਕਦੇ ਵੀ ਵਿਦਿਆਰਥੀ ਦੀਆਂ ਸਿਰਫ ਅਕਾਦਮਿਕ ਮਹਾਰਤਾਂ ਅਤੇ ਗਿਆਨ ਦੀ ਪਰਖ ਨਹੀਂ ਹੋਣੇ ਚਾਹੀਦੇ। ਜੇਕਰ ਆਪਣੇ ਬੱਚੇ ਦੀ ਪੜ੍ਹਾਈ ਬਾਰੇ ਤੁਹਾਡੇ ਕੋਈ ਪ੍ਰਸ਼ਨ ਹਨ, ਤਾਂ ਕਿਰਪਾ ਕਰਕੇ ਆਪਣੇ ਬੱਚੇ ਦੇ ਅਧਿਆਪਕ ਜਾਂ ਸਕੂਲ ਨਾਲ ਸੰਪਰਕ ਕਰੋ।

K-12 ਗ੍ਰੇਡਾਂ ਵਿੱਚ ਅੰਗਰੇਜ਼ੀ ਬੋਲਣ ਦੀ ਸਿਖਲਾਈ ਸ਼ੁਰੂ ਕਰਨ ਵਾਲੇ ਵਿਦਿਆਰਥੀ 21ਵੀਂ ਸਦੀ (**ELPA21**) ਲਈ ਇੰਗਲਿਸ਼ ਲੈਂਗਵੇਜ ਪ੍ਰੋਫੀਸ਼ੈਂਸੀ ਅਸੈੱਸਮੈਂਟ (English Language Proficiency Assessment) ਵਿੱਚ ਸ਼ਾਮਲ ਹੋਣਗੇ। ਇਹ ਮੁਲਾਂਕਣ ਅੰਗਰੇਜ਼ੀ ਭਾਸ਼ਾ ਦੀਆਂ ਕੁਸ਼ਲਤਾਵਾਂ ਅਤੇ ਅੰਗਰੇਜ਼ੀ ਵਿੱਚ ਪੜ੍ਹਨ, ਲਿਖਣ, ਸੁਣਨ ਅਤੇ ਬੋਲਣ ਵਿੱਚ ਸਲਾਨਾ ਵਾਧੇ ਦਾ ਮਾਪ ਕਰਦਾ ਹੈ। ਜੋ ਵਿਦਿਆਰਥੀ ਅੰਗਰੇਜ਼ੀ ਭਾਸ਼ਾ ਪ੍ਰੋਗਰਾਮ ਸਹਿਯੋਗ ਸੇਵਾਵਾਂ ਪ੍ਰਾਪਤ ਕਰਨ ਲਈ ELPA21 ਦੇ ਯੋਗ ਹੋਣ ਤੇ ਉੱਭਰਦੇ ਜਾਂ ਤਰੱਕੀ ਕਰਨ ਦਾ ਇੱਕ ਪ੍ਰੋਫੀਸ਼ੈਂਸੀ ਪੱਧਰ ਪ੍ਰਾਪਤ ਕਰਦੇ ਹਨ।

## 2018 ਦੀ ਕਲਾਸ

### ਗ੍ਰੈਜੂਏਸ਼ਨ ਲਈ ਲੋੜੀਂਦੇ ਟੈਸਟ

*(ਪ੍ਰਤੀ ਵਿਸ਼ਾ ਇੱਕ ਚੋਣ ਕਰੋ)*

**ਅੰਗਰੇਜ਼ੀ ਭਾਸ਼ਾ ਕਲਾ**

- Smarter Balanced (ਸਮਾਰਟਰ ਬੈਲੈਂਸਡ) ELA ਟੈਸਟ
- WA-AIM

**ਗਣਿਤ**

- ਐਲਜੈਬਰਾ I ਜਾਂ ਜਮੈਟਰੀ EOC ਇਮਤਿਹਾਨ
- Smarter Balanced (ਸਮਾਰਟਰ ਬੈਲੈਂਸਡ) ਗਣਿਤ ਟੈਸਟ
- WA-AIM

**ਵਿਗਿਆਨ**

- ਜੀਵ-ਵਿਗਿਆਨ EOC ਇਮਤਿਹਾਨ
- WA-AIM

## ਗ੍ਰੇਡ ਪੱਧਰ ਦੇ ਅਨੁਸਾਰ ਟੈਸਟ,, 2016-17

| | 3ਜਾ | 4ਥਾ | 5ਵਾਂ | 6ਵਾਂ | 7ਵਾਂ | 8ਵਾਂ | 9ਵਾਂ | 10ਵਾਂ | 11ਵਾਂ | 12ਵਾਂ |
|---|---|---|---|---|---|---|---|---|---|---|
| ਅੰਗਰੇਜ਼ੀ ਭਾਸ਼ਾ ਕਲਾਵਾਂ (ELA) | ✓ | ✓ | ✓ | ✓ | ✓ | ✓ | | 1 | 1 | 3 |
| ਗਣਿਤ | ✓ | ✓ | ✓ | ✓ | ✓ | ✓ | | 1 | 1 | 3 |
| ਵਿਗਿਆਨ | | | ✓ | | | ✓ | 2 | ✓ | 3, 4 | 3 |

**ਨੋਟਸ:**

1. ਵਿਦਿਆਰਥੀ 10ਵੇਂ ਗ੍ਰੇਡ ਵਿੱਚ ELA ਅਤੇ/ਜਾਂ ਗਣਿਤ ਟੈਸਟ ਦੇ ਸਕਦੇ ਹਨ, ਪਰ ਉਹਨਾਂ ਲਈ ਇਹ ਜ਼ਰੂਰੀ ਨਹੀਂ ਹੈ। ਜੋ ਵਿਦਿਆਰਥੀ 10ਵੇਂ ਗ੍ਰੇਡ ਵਿੱਚ ਦੋਵਾਂ ਵਿੱਚੋਂ ਇੱਕ ਜਾਂ ਦੋਵੇਂ ਟੈਸਟ ਦਿੰਦੇ ਹਨ ਅਤੇ ਜੋ ਪੱਧਰ 3 ਜਾਂ 4 ਪ੍ਰਾਪਤ ਕਰਦੇ ਹਨ, ਉਹਨਾਂ ਨੂੰ 11ਵੇਂ ਗ੍ਰੇਡ ਵਿੱਚ ਟੈਸਟ ਲੈਣ ਦੀ ਲੋੜ ਨਹੀਂ ਹੁੰਦੀ।
2. ਨੌਵੇਂ ਗ੍ਰੇਡ ਦੇ ਵਿਦਿਆਰਥੀ ਸਿਰਫ ਤਾਂ ਹੀ ਇੱਕ ਜੀਵ ਵਿਗਿਆਨ EOC ਪਰੀਖਿਆ ਦਿੰਦੇ ਹਨ ਜੇਕਰ ਉਹ ਉਸ ਖ਼ਾਸ ਪਾਠਕ੍ਰਮ ਨੂੰ ਲੈ ਰਹੇ ਹਨ। ਜਿਹੜੇ ਵਿਦਿਆਰਥੀ ਜੀਵ-ਵਿਗਿਆਨ EOC ਇਮਤਿਹਾਨ 10ਵੇਂ ਗ੍ਰੇਡ ਤੋਂ ਪਹਿਲਾਂ ਦਿੰਦੇ ਹਨ ਅਤੇ ਮਿਆਰ ਦੀ ਪ੍ਰਾਪਤੀ ਕਰਦੇ ਹਨ, ਨੂੰ 10ਵੇਂ ਗ੍ਰੇਡ ਵਿੱਚ ਇਸਨੂੰ ਦੁਬਾਰਾ ਲੈਣ ਦੀ ਲੋੜ ਨਹੀਂ ਹੁੰਦੀ। 2017 ਅਤੇ ਇਸਤੋਂ ਬਾਦ ਦੀ ਕਲਾਸ ਲਈ ਜੀਵ-ਵਿਗਿਆਨ EOC ਇਮਤਿਹਾਨ ਪਾਸ ਕਰਨਾ ਜ਼ਰੂਰੀ ਹੈ।
3. ਸਿਰਫ ਤਾਂ ਹੀ ਜ਼ਰੂਰੀ ਜੇ ਵਿਦਿਆਰਥੀ ਨੇ ਰਾਜ ਦੇ ਮੁਲਾਂਕਣ ਵਿੱਚ ਪਾਸ ਹੋਣ ਦੀ ਲੋੜ ਪੂਰੀ ਨਹੀਂ ਕੀਤੀ ਹੈ।
4. ਆਪਣੇ IEP ਵਿੱਚ ਦਰਜ ਕੀਤੀਆਂ ਗਈਆਂ ਮਹੱਤਵਪੂਰਨ ਬੌਧਿਕ ਚੁਣੌਤੀਆਂ ਵਾਲੇ ਵਿਦਿਆਰਥੀ 10ਵੇਂ ਗ੍ਰੇਡ ਦੀ ਥਾਂ, 11ਵੇਂ ਗ੍ਰੇਡ ਵਿੱਚ ਇੱਕ ਵਿਕਲਪਿਕ ਵਿਗਿਆਨ ਮੁਲਾਂਕਣ ਲੈ ਸਕਦੇ ਹਨ, ਜਦੋਂ ਜੀਵ-ਵਿਗਿਆਨ EOC ਇਮਤਿਹਾਨ ਵਿਸ਼ੇਸ਼ ਤੌਰ 'ਤੇ ਪ੍ਰਬੰਧਤ ਕੀਤਾ ਜਾਂਦਾ ਹੈ।

- ਇੰਗਲਿਸ਼ ਲੈਂਗੁਏਜ ਪ੍ਰੋਫੀਸ਼ੈਂਸੀ ਮੁਲਾਂਕਣ ਅੰਗਰੇਜ਼ੀ ਬੋਲਣਾ ਸਿੱਖਣ ਵਾਲੇ ਵਿਦਿਆਰਥੀਆਂ ਲਈ ਲਾਜ਼ਮੀ ਹੈ। ਵਿਦਿਆਰਥੀ ਸਹਿਯੋਗ ਪ੍ਰਾਪਤ ਕਰਨ ਦੇ ਯੋਗ ਹੋਣ ਲਈ ਟੈਸਟ ਦਿੰਦੇ ਹਨ। ਉਹ ਸਲਾਨਾ ਅਧਾਰ 'ਤੇ ਉਦੋਂ ਤਕ ਟੈਸਟ ਦੇਣਾ ਜਾਰੀ ਰੱਖਦੇ ਹਨ ਜਦੋਂ ਤਕ ਉਹ ਇੰਗਲਿਸ਼ ਲੈਂਗੁਏਜ ਪ੍ਰੋਫੀਸ਼ੈਂਸੀ ਤੱਕ ਨਹੀਂ ਪਹੁੰਚ ਜਾਂਦੇ।

## ਸਟੇਟ ਟੈਸਟਿੰਗ ਵਿੰਡੋਜ਼

*ਟੈਸਟਿੰਗ ਦਾ ਆਯੋਜਨ ਹੇਠਾਂ ਸੂਚਿਤ ਵਿੰਡੋਜ਼ ਦੇ ਅਨੁਸਾਰ ਕੀਤਾ ਜਾਂਦਾ ਹੈ। ਆਪਣੇ ਬੱਚੇ ਦੇ ਟੈਸਟਾਂ ਵਿੱਚ ਭਾਗ ਲੈਣ ਵਾਲੀਆਂ ਤਾਰੀਖਾਂ ਬਾਰੇ ਜਾਣਕਾਰੀ ਲਈ ਆਪਣੇ ਲੋਕਲ ਸਕੂਲ ਡਿਸਟ੍ਰਿਕਟ ਨਾਲ ਸੰਪਰਕ ਕਰੋ।*

| ਸਟੇਟ ਟੈਸਟਿੰਗ ਵਿੰਡੋਜ਼ | |
|---|---|
| **17 ਅਕਤੂਬਰ– 7 ਅਪ੍ਰੈਲ:** | WA-AIM |
| **1 ਫਰਵਰੀ– 14 ਮਾਰਚ (ਅਸਥਾਈ):** | ELPA21 |
| **6 ਮਾਰਚ– 9 ਜੂਨ:** | Smarter Balanced (ਸਮਾਰਟਰ ਬੈਲੈਂਸਡ) |
| **8 ਮਈ– 9 ਜੂਨ:** | EOC (ਈ ਓ ਸੀ) |

*OSPI ਉੱਪਰ ਸੂਚੀਬੱਧ ਸਾਰੇ ਟੈਸਟਾਂ ਲਈ ਸਕੋਰ ਰਿਪੋਰਟਾਂ ਮੁਹੱਈਆ ਕਰਦਾ ਹੈ। ਵਧੇਰੇ ਜਾਣਕਾਰੀ ਲਈ ਆਪਣੇ ਸਥਾਨਕ ਸਕੂਲ ਡਿਸਟ੍ਰਿਕਟ ਨੂੰ ਸੰਪਰਕ ਕਰੋ।*

## ਰਾਜ ਦੇ ਟੈਸਟ ਦੇ ਅੰਕਾਂ ਦਾ ਕੀ ਮਤਲਬ ਹੈ?

ਪੱਧਰ **4** — **ਸਫ਼ਲਤਾ ਮਿਆਰ ਤੋਂ ਉੱਪਰ:** ਇੱਕ ਵਿਸ਼ੇ ਵਿੱਚ ਗਿਆਨ ਅਤੇ ਕੁਸ਼ਲਤਾ ਦੀ ਮਹਾਰਤ ਵੱਲ ਉਚੇਰੀ ਤਰੱਕੀ ਦਰਸਾਉਂਦਾ ਹੈ।

ਪੱਧਰ **3** — **ਸਫ਼ਲਤਾ ਮਿਆਰ ਦੀ ਪ੍ਰਾਪਤੀ:** ਇੱਕ ਵਿਸ਼ੇ ਵਿੱਚ ਗਿਆਨ ਅਤੇ ਕੁਸ਼ਲਤਾ ਦੀ ਮਹਾਰਤ ਵੱਲ ਤਰੱਕੀ ਦਰਸਾਉਂਦਾ ਹੈ।

ਪੱਧਰ **2** — **ਸਫ਼ਲਤਾ ਮਿਆਰ ਦੀ ਨਜ਼ਦੀਕੀ ਪ੍ਰਾਪਤੀ:** ਇੱਕ ਵਿਸ਼ੇ ਵਿੱਚ ਗਿਆਨ ਅਤੇ ਕੁਸ਼ਲਤਾ ਦਰਸਾਉਣ ਲਈ ਹੋਰ ਵਿਕਾਸ ਦੀ ਜ਼ਰੂਰਤ ਹੋ ਸਕਦੀ ਹੈ।

ਪੱਧਰ **1** — **ਸਫ਼ਲਤਾ ਮਿਆਰ ਦੀਆਂ ਲੋੜਾਂ ਪੂਰੀਆਂ ਨਹੀਂ ਕਰਦਾ:** ਇੱਕ ਵਿਸ਼ੇ ਵਿੱਚ ਗਿਆਨ ਅਤੇ ਕੁਸ਼ਲਤਾ ਦਰਸਾਉਣ ਲਈ ਮਹੱਤਵਪੂਰਨ ਵਿਕਾਸ ਦੀ ਜ਼ਰੂਰਤ ਹੈ।

Office of Superintendent of Public Instruction
Old Capitol Building
P.O. Box 47200
Olympia, WA 98504-7200

September 2016, Publication No. 16-0042